بِسْمِ اللّٰہِ الرَّحْمٰنِ الرَّحِیْمِ    نَحْمَدُہٗ وَنُصَلِّیْ عَلٰی رَسُوْلِہِ الْکَرِیْمِ    وَعَلٰی عَبْدِہِ الْمَسِیْحِ الْمَوْعُوْدِ

# ਖ਼ੁਲਾਸਾ ਖ਼ੁਤਬਾ ਜੁਮਆ 04.09.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਸਹਾਬੀ ਹਜ਼ਰਤ ਜ਼ੁਬੈਰ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 04 ਸਤੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلَٰهَ إِلَّا اللّٰهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطٰن الرجيم۔

بِسْمِ اللّٰهِ الرَّحْمٰنِ الرَّحِيمِ۔ اَلْحَمْدُ لِلّٰهِ رَبِّ الْعَالَمِينَ۔ الرَّحْمٰنِ الرَّحِيمِ۔ مَالِكِ يَوْمِ الدِّينِ۔ إِيَّاكَ نَعْبُدُ وَإِيَّاكَ نَسْتَعِينُ۔

اِهْدِنَا الصِّرَاطَ الْمُسْتَقِيمَ۔ صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّالِّينَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਅਲੱਾਹ ਤਆਲਾ ਕੁਰਆਨ ਮਜੀਦ ਵਿੱਚ ਫ਼ਰਮਾਉਂਦਾ ਹੈ ਕਿ

اَلَّذِیْنَ اسْتَجَابُوْا لِلّٰہِ وَالرَّسُوْلِ مِنْۢ بَعْدِ مَاۤ اَصَابَہُمُ الْقَرْحُ ؕ لِلَّذِیْنَ اَحْسَنُوْا مِنْہُمْ وَاتَّقَوْا اَجْرٌ عَظِیْمٌ (آل عمران: 173)

ਅਲੱਜ਼ੀਨਸਤਜਾਬੂ ਲਿਲੱਾਹਿ ਵਰੱਸੂਲਿ ਮਿੰਮ ਬਾਦਿ ਮਾ ਅਸਾਬਾਹੁਮੁਲ ਕਰਹੁ, ਲਿਲੱਜ਼ੀਨਾ ਅਹਸਾਨੂ ਮਿਨਹੁਮ ਵਤੱਾਕੂ ਅਜਰੁਨ ਅਜ਼ੀਮ (ਆਲਿ ਇਮਰਾਨ : 173)

ਕਿ ਜਿੰਨ੍ਹਾ ਲੋਕਾਂ ਨੇ ਅਲੱਾਹ ਅਤੇ ਉਸਦੇ ਰਸੂਲ ਦਾ ਹੁਕਮ ਆਪਣੇ ਜ਼ਖ਼ਮੀ ਹੋਣ ਦੇ ਬਾਦ ਵੀ ਕੁਬੂਲ ਕੀਤਾ, ਉਹਨਾ ਵਿੱਚੋਂ ਉਹਨਾ ਲਈ ਜਿੰਨ੍ਹਾ ਨੇ ਚੰਗੀ ਤਰ੍ਹਾਂ ਆਪਣਾ ਫ਼ਰਜ਼ ਨਿਭਾਇਆ ਅਤੇ ਤਕਵਾ (ਸੰਜਮਤਾ) ਧਾਰਨ ਕੀਤਾ ਬਹੁਤ ਵਡੱਾ ਪ੍ਰਤੀਫਲ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਜ਼ੁਬੈਰ ਦੇ ਜ਼ਿਕਰ ਦਾ ਕੁਝ ਹਿਸੱਾ ਬਾਕੀ ਸੀ ਜੋ ਅੱਜ ਵਰਨਣ ਕਰਾਂਗਾ। ਇਸ ਆਇਤ ਬਾਰੇ ਜੋ ਮੈਂ ਹੁਣੇ ਪੜ੍ਹੀ ਹੈ ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਨੇ ਉਰਵਹ ਨੂੰ ਕਿਹਾ ਕਿ ਹੇ ਮੇਰੇ ਭਾਂਜੇ ਤੁਹਾਡੇ ਵਡੇਰੇ (ਬਾਪ ਦਾਦੇ) ਜ਼ੁਬੈਰ ਅਤੇ ਅਬੂਬਕਰ ਇਸੇ ਆਇਤ ਵਿੱਚ ਵਰਨਣ ਸਹਾਬਾ ਵਿੱਚੋਂ ਸਨ । ਜੱਦ ਉਹਦ ਦੀ ਜੰਗ ਵਿੱਚ ਰਸੂਲੁਲੱਾਹੁ ਸਲਲੱਾਹੁ ਅਲੈਹਿ ਵਸਲਮ ਜ਼ਖ਼ਮੀ ਹੋਏ ਅਤੇ ਮੁਸ਼ਰਕ ਲੋਕ ਪਰਤ ਗਏ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਨੂੰ ਇਸ ਗੱਲ ਦਾ ਖ਼ਤਰਾ ਅਨੁਭਵ ਹੋਇਆ ਕਿ ਕਿਤੇ ਉਹ ਫਿਰ ਪਰਤਕੇ ਹਮਲਾ ਨ ਕਰਨ ਇਸ ਲਈ ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਹਨਾ ਦਾ ਪਿਛੱਾ ਕਰਨ ਲਈ ਕੌਣ ਕੌਣ ਜਾਏਗਾ । ਉਸੇ ਸਮੇਂ ਇਹਨਾ ਵਿੱਚੋਂ ਸਤੱਰ ਸਹਾਬਾ ਤਿਆਰ ਹੋ ਗਏ । ਹਜ਼ਰਤ ਅਬੂਬਕਰ ਅਤੇ ਜ਼ੁਬੈਰ ਵੀ ਇਹਨਾ ਵਿੱਚ ਸ਼ਾਮਲ ਸਨ । ਅਤੇ ਇਹ ਦੋਵੇਂ ਜ਼ਖਮੀਆਂ ਵਿੱਚੋਂ ਸਨ । ਹਜ਼ਰਤ ਅਲੀ ਬਿਆਨ ਕਰਦੇ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਆਪਣੇ ਕੰਨ੍ਹਾ ਰਾਹੀਂ ਇਹ ਕਹਿੰਦਿਆਂ ਹੋਇਆਂ ਸੁਣਿਆ ਹੈ ਕਿ ਤਲਹਾ ਅਤੇ ਜ਼ਬੈਰ ਸਵਰਗ ਵਿੱਚ ਮੇਰੇ ਗਵਾਂਢੀ ਹੋਣਗੇ । ਹਜ਼ਰਤ ਸਈਦ ਬਿਨ

ਜਬੀਰ ਬਿਆਨ ਕਰਦੇ ਹਨ ਕਿ ਹਜ਼ਰਤ ਅਬੂਬਕਰ, ਹਜ਼ਰਤ ਉਮਰ, ਹਜ਼ਰਤ ਉਸਮਾਨ, ਹਜ਼ਰਤ ਅਲੀ ਹਜ਼ਰਤ ਤਲਹਾ, ਹਜ਼ਰਤ ਜ਼ੁਬੈਰ, ਹਜ਼ਰਤ ਸਅਦ, ਹਜ਼ਰਤ ਅਬਦੁਰ ਰਹਮਾਨ ਅਤੇ ਹਜ਼ਰਤ ਸਈਦ ਬਿਨ ਜ਼ੈਦ ਦਾ ਸਥਾਨ ਅਜਿਹਾ ਸੀ ਕਿ ਮੈਦਾਨੇ ਜੰਗ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਅੱਗੇ ਅੱਗੇ ਲੜਦੇ ਸਨ ਅਤੇ ਨਮਾਜ਼ ਵਿੱਚ ਆਪਦੇ ਪਿੱਛੇ ਖੜੇ ਹੁੰਦੇ ਸਨ ।

ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਜਿੰਨ੍ਹਾ ਕਾਤਬਾਂ ਨੂੰ ਕੁਰਆਨ ਕਰੀਮ ਲਿਖਵਾਉਂਦੇ ਸਨ ਉਹਨਾ ਵਿੱਚ ਹਜ਼ਰਤ ਜ਼ੁਬੈਰ ਬਿਨ ਅਵਾਮ ਰਜ਼ੀ ਅਲੱਾਹ ਅਨਹੁ ਦਾ ਨਾਂ ਵੀ ਆਉਂਦਾ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਜੱਦ ਮਦੀਨੇ ਵਿੱਚ ਘਰਾਂ ਦੀ ਹਦਬੰਦੀ ਕੀਤੀ ਤਾਂ ਹਜ਼ਰਤ ਜ਼ੁਬੈਰ ਲਈ ਜ਼ਮੀਨ ਦਾ ਵਡੱਾ ਹਿਸੱਾ ਨਿਰਧਾਰਤ ਕੀਤਾ ।

ਹਜ਼ਰਤ ਜ਼ੁਬੈਰ ਰਜ਼ੀ ਅਲੱਾਹ ਅਨਹੁ ਫ਼ਰਮਾਇਆ ਕਰਦੇ ਸਨ ਕਿ ਇਕ ਵਾਰ ਉਹਨਾ ਦਾ ਇਕ ਅੰਸਾਰੀ ਸਹਾਬੀ ਨਾਲ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਮੌਜੂਦਗੀ ਵਿੱਚ ਪਾਣੀ ਦੀ ਨਾਲੀ (ਖਾਲ੍ਹ) ਬਾਰੇ ਮਤਿਭੇਦ ਹੋ ਗਿਆ ਜਿਸ ਨਾਲ ਉਹ ਦੋਵੇਂ ਆਪਣੇ ਖੇਤਾਂ ਨੂੰ ਸਿੰਜਦੇ ਸਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਗੱਲ ਨੂੰ ਮੁਕਾਉਣ ਲਈ ਫ਼ਰਮਾਇਆ ਕਿ ਜ਼ੁਬੈਰ ਤੁਸੀਂ ਆਪਣੇ ਖੇਤਾਂ ਨੂੰ ਪਾਣੀ ਭਰ ਲੈਂਣ ਬਾਦ ਆਪਣੇ ਗੁਆਂਢੀ ਲਈ ਪਾਣੀ ਛੱਡ ਦਿਆ ਕਰੋ । ਅੰਸਾਰੀ ਨੂੰ ਇਹ ਗੱਲ ਚੰਗੀ ਨ ਲੱਗੀ ਅਤੇ ਉਹ ਕਹਿਣ ਲਗੱਾ, ਹੇ ਰਸੂਲੁਲੱਾਹ, ਇਹ ਆਪਦੀ ਭੂਆ ਵੱਲੋਂ ਹਨ ਨ, ਇਸ ਲਈ ਆਪ ਇਹ ਫ਼ੈਸਲਾ ਕਰ ਰਹੇ ਹਨ । ਇਸ'ਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਚਿਹਰੇ ਦਾ ਰੰਗ ਬਦਲ ਗਿਆ ਅਤੇ ਆਪ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਜ਼ੁਬੈਰ ਰਜ਼ੀ ਅਲੱਾਹ ਅਨਹੁ ਨੂੰ ਫ਼ਰਮਾਇਆ ਕਿ ਹੁਣ ਤੁਸੀਂ ਆਪਣੇ ਖੇਤਾਂ ਨੂੰ ਭਰੋ ਅਤੇ ਜੱਦ ਤੱਕ ਪਾਣੀ ਮੰਡੇਰਾਂ (ਬੰਨ੍ਹਿਆਂ) ਤੱਕ ਨ ਪਹੁੰਚ ਜਾਏ ਉਸ ਸਮੇਂ ਤੱਕ ਪਾਣੀ ਨੂੰ ਰੋਕੀ ਰੱਖੋ, ਸੰਭਵਤਾ ਹੁਣ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਜ਼ੁਬੈਰ ਨੂੰ ਉਹਨਾ ਦਾ ਪੂਰਾ ਹੱਕ ਦੁਆ ਦਿਤੱਾ ਜੱਦ ਕਿ ਇਸ ਤੋਂ ਪਹਿਲਾਂ ਅੰਸਾਰੀ ਲਈ ਗੁੰਜਾਇਸ਼ ਰੱਖੀ ਸੀ । ਹਜ਼ਰਤ ਜ਼ੁਬੈਰ ਫ਼ਰਮਾਉਂਦੇ ਹਨ ਕਿ ਬਖ਼ੁਦਾ ਮੈਂ ਇਹ ਸਮਝਦਾ ਹਾਂ ਕਿ ਹੇਠ ਲਿਖੀ ਆਇਤ ਇਸੇ ਘਟਨਾ ਨਾਲ ਸੰਬੰਧਤ ਨਾਜ਼ਲ ਹੋਈ ਹੈ :

فَلَا وَرَبِّكَ لَا يُؤْمِنُونَ حَتَّىٰ يُحَكِّمُوكَ فِيمَا شَجَرَ بَيْنَهُمْ ثُمَّ لَا يَجِدُوا فِي أَنفُسِهِمْ حَرَجًا مِّمَّا قَضَيْتَ وَيُسَلِّمُوا تَسْلِيمًا (النساء: 66)

ਫ਼ਲਾ ਵ ਰੱਬਿਕਾ ਲਾ ਯੁਮਿਨੂਨਾ ਹਤੱਾ ਯੁਹੱਕਿਮੂਕਾ ਫ਼ੀਮਾ ਸ਼ਾਜਾਰਾ ਬੈਨਾਹੁਮ ਸੁਮੱਾ ਲਾ ਯਜਿਦੂ ਫ਼ੀ ਅਨਫ਼ੁਸਿਹਿਮ ਹਾਰਾਜਨ ਮਿਮੱਾ ਕਜ਼ੈਤਾ ਵ ਯੁਸੱਲਿਮੂ ਤਸਲੀਮਾ । (ਨਿਸਾ : 66)

ਅਰਥਾਤ ਨਹੀਂ, ਤੇਰੇ ਰੱਬ ਦੀ ਸਹੁੰ, ਉਹ ਕਦੇ ਵੀ ਇਮਾਨ ਨਹੀਂ ਲਿਆ ਸਕਦੇ ਜੱਦ ਤੱਕ ਉਹ ਤੈਨੂੰ ਇਹਨਾ ਕਾਰਜਾ ਵਿੱਚ ਨਿਆਏਕਾਰ ਨਾ ਬਣਾ ਲੈਂਣ ਜਿੰਨ੍ਹਾ ਵਿੱਚ ਉਹਨਾ ਵਿਚਕਾਰ ਝਗੜਾ ਹੋਇਆ ਹੈ ਫਿਰ ਤੂੰ ਜੋ ਵੀ ਫ਼ੈਸਲਾ ਕਰੇਂ ਉਸ ਬਾਰੇ ਉਹ ਆਪਣੇ ਦਿਲਾਂ ਵਿੱਚ ਕੋਈ ਤੰਗੀ ਨ ਪਾਉਣ ਅਤੇ ਕਾਮਲ ਅਗਿਆਕਾਰੀ ਧਾਰਨ ਕਰਨ ।

ਹਜ਼ਰਤ ਜ਼ੁਬੈਰ ਤੋਂ ਰਿਵਾਇਤ ਹੈ ਕਿ ਜੱਦ ਇਹ ਆਇਕ ਨਾਜ਼ਲ ਹੋਈ :

ثُمَّ إِنَّكُمْ يَوْمَ الْقِيَامَةِ عِندَ رَبِّكُمْ تَخْتَصِمُونَ ਸੁਮੱਾ ਇਨੱਾਕੁਮ ਯੌਮਲ ਕਯਾਮਾਤਿ ਇੰਦਾ ਰੱਬਿਕੁਮ ਤਖ਼ਤਸਿਮੂਨ

ਅਰਥਾਤ ਨਿਸ਼ਚੇ ਹੀ ਤੁਸੀਂ ਕਯਾਮਤ ਦੇ ਦਿਨ ਆਪਣੇ ਰੱਬ ਦੀ ਹਜ਼ੂਰੀ ਵਿੱਚ ਇਕ ਦੂਜੇ ਨਾਲ ਬਹਿਸ ਕਰੋਗੇ ਤਾਂ ਉਹਨਾ ਨੇ ਪੁੱਛਿਆ ਹੇ, ਰਸੂਲੁਲੱਾਹ ਕੀ ਸਾਡੀ ਸੰਸਾਰਕ ਲੜਾਈਆ ਭਾਵ ਹਨ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹਾਂ । ਫਿਰ ਜੱਦ ਇਹ ਆਇਤ ਨਾਜ਼ਲ ਹੋਈ,

ثُمَّ لَتُسْأَلُنَّ يَوْمَئِذٍ عَنِ النَّعِيمِ (التكاثر: 9) ਸੁਮੱਾ ਲਾਤੁਸਆਲੁਨੱਾ ਯੌਮਾਇਜ਼ਿਨ ਅਨਿਨ ਨਈਮ । (ਤਕਾਸੁਰ : 9)

ਅਰਥਾਤ ਉਸ ਦਿਨ ਤੁਸੀਂ ਨਾਜ਼ ਨਖ਼ਰਿਆਂ (ਲਾਡਾਂ ਤੇ ਚੋਚਲਿਆਂ) ਬਾਰੇ ਵੀ ਜ਼ਰੂਰ ਪੁੱਛੇ ਜਾਓਗੇ ਤਾਂ ਹਜ਼ਰਤ ਜ਼ੁਬੈਰ ਰਜ਼ੀ ਅਲੱਾਹ ਅਨਹੁ ਨੇ ਪੁੱਛਿਆ ਹੇ ਰਸੂਲੁਲੱਾਹ ! ਸਾਡੇ ਕੋਲੋ ਕਿਹੜੀਆਂ ਨੇਮਤਾਂ ਬਾਰੇ ਪ੍ਰਸ਼ਨ ਹੋਵੇਗਾ ਜੱਦ ਕਿ ਸਾਡੇ

ਕੋਲ ਤਾਂ ਕੇਵਲ ਖਜੂਰਾਂ ਤੇ ਪਾਣੀ ਹੈ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਖ਼ਬਰਦਾਰ ਇਹਨਾ ਨੇਮਤਾਂ ਦਾ ਜ਼ਮਾਨਾ ਵੀ ਨੇੜੇ ਹੀ ਆਉਣ ਵਾਲਾ ਹੈ ।

ਇਕ ਬਜ਼ੁਰਗ ਨੇ ਹਜ਼ਰਤ ਜ਼ੁਬੈਰ ਨੂੰ ਕਿਹਾ ਕਿ ਮੈਂ ਆਪਦੇ ਸ਼ਰੀਰ'ਤੇ ਅਜਿਹੇ ਜ਼ਖ਼ਮਾ ਦੇ ਨਿਸ਼ਾਨ ਦੇਖੇ ਹਨ ਜੋ ਅੱਜ ਤੋਂ ਪਹਿਲਾਂ ਮੈਂ ਕਦੇ ਨਹੀਂ ਕਿਸੇ ਦੇ ਸ਼ਰੀਰ'ਤੇ ਦੇਖੇ । ਹਜ਼ਰਤ ਜ਼ੁਬੈਰ ਨੇ ਉਤੱਰ ਵਿੱਚ ਕਿਹਾ, ਰੱਬ ਦੀ ਸਹੁੰ ਇਹ ਸਾਰੇ ਜ਼ਖ਼ਮ ਮੈਨੂੰ ਰੱਬ ਦੇ ਮਾਰਗ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਜੰਗ ਕਰਦਿਆਂ ਹੋਇਆਂ ਆਏ ਹਨ ।

ਹਜ਼ਰਤ ਜ਼ੁਬੈਰ ਦੇ ਇਕ ਹਜ਼ਾਰ ਗ਼ੁਲਾਮ ਸਨ ਜੋ ਇਹਨਾ ਦੀ ਜ਼ਮੀਨ ਵਿੱਚ ਪੈਦਾਵਾਰੀ ਦਾ ਕੰਮ ਕਰਦੇ ਸਨ । ਉਹ ਇਸ ਵਿੱਚੋਂ ਘਰ ਕੁਝ ਵੀ ਨਹੀਂ ਲਿਆਉਂਦੇ ਸਨ ਅਤੇ ਸਾਰਾ ਦਾਨ ਕਰ ਦਿੰਦੇ । ਹਜ਼ਰਤ ਉਮਰ ਫ਼ਰਮਾਉਂਦੇ ਹਨ ਕਿ ਹਜ਼ਰਤ ਜ਼ੁਬੈਰ ਧਰਮ ਦੇ ਸਤੰਭਾ ਵਿੱਚੋਂ ਇਕ ਸਤੰਭ ਹਨ । ਹਜ਼ਰਤ ਅਬਦੁਲੱਾਹ ਬਿਨ ਜ਼ੁਬੈਰ ਤੋਂ ਰਿਵਾਇਤ ਹੈ ਕਿ ਹਜ਼ਰਤ ਜ਼ੁਬੈਰ ਨੇ ਜਮਲ ਦੀ ਜੰਗ ਦੇ ਦਿਨ ਮੈਨੂੰ ਬੁਲਾਇਆ ਅਤੇ ਕਿਹਾ ਕਿ ਹੇ, ਪਿਆਰੇ ਪੁਤੱਰ, ਅਜਿਹਾ ਲਗੱਦਾ ਹੈ ਕਿ ਅੱਜ ਮੈਂ ਮਜ਼ਲੂਮੀ ਦੀ ਅਵਸਥਾ ਵਿੱਚ ਮਾਰਿਆਂ ਜਾਵਾਂਗਾ, ਮੈਨੂੰ ਸਭ ਤੋਂ ਵੱਡੀ ਚਿੰਤਾ ਆਪਣੇ ਕਰਜ਼ ਦੀ ਹੈ । ਫਿਰ ਕਿਹਾ ਕਿ ਹੇ ਮੇਰੇ ਪੁਤੱਰ ਮਾਲ ਵੇਚ ਕੇ ਕਰਜ਼ ਦੇ ਦੇਣਾ ਅਤੇ ਤੀਜੇ ਹਿੱਸੇ ਦੀ ਮੈਂ ਵਸੀਯੱਤ ਕਰਦਾ ਹਾਂ ਅਤੇ ਕਰਜ਼ ਦੇਣ ਦੇ ਬਾਦ ਜੇਕਰ ਕੁਝ ਬਚੇ ਤਾਂ ਇਸ ਵਿੱਚੋਂ ਇਕ ਤਿਹਾਈ ਤੁਹਾਡੇ ਬੱਚਿਆਂ ਲਈ ਹੈ । ਫਿਰ ਹਜ਼ਰਤ ਜ਼ੁਬੈਰ ਨੇ ਕਿਹਾ, ਹੇ ਮੇਰੇ ਪੁਤੱਰ, ਜੇਕਰ ਇਸ ਕਰਜ਼ ਵਿੱਚੋਂ ਕੁਝ ਅਦਾ ਕਰਨ ਵਿੱਚ ਅਸਮਰਥ ਹੋ ਜਾਓ ਤਾਂ ਮੇਰੇ ਮੌਲਾ ਤੋਂ ਮਦਦ ਲੈਂਣਾ । ਅਬਦੁਲੱਾਹ ਬਿਨ ਜ਼ੁਬੈਰ ਕਹਿੰਦੇ ਹਨ ਮੈਂ ਪੁੱਛਿਆ ਕਿ ਆਪਦਾ ਮੌਲਾ ਕੌਣ ਹੈ ? ਤਾਂ ਹਜ਼ਰਤ ਜ਼ੁਬੈਰ ਨੇ ਕਿਹਾ ਅਲੱਾਹ । ਫ਼ਿਰ ਜੱਦ ਕਦੇ ਵੀ ਮੈਂ ਇਹਨਾ ਦੇ ਕਰਜ਼ ਦੀ ਔਕੁੜ ਵਿੱਚ ਪਿਆ ਤਾਂ ਕਿਹਾ ਹੇ ਜ਼ੁਬੈਰ ਦੇ ਮੌਲਾ ਇਹਨਾ ਦਾ ਕਰਜ਼ ਅਦਾ ਕਰ ਦੇ ਅਤੇ ਉਹ ਅਦਾ ਕਰ ਦਿੰਦਾ ਅਰਥਾਤ ਰੱਬ ਕਰਜ਼ ਅਦਾ ਕਰਨ ਦੇ ਸਾਧਨ ਉਪਲਭਦ ਕਰਾ ਦਿੰਦਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀਲੱਹ ਅਨਹੁ ਹਜ਼ਰਤ ਅਲੀ ਦੀ ਖ਼ਿਲਾਫ਼ਤ ਦੇ ਚੋਣ ਦੇ ਹਾਲਾਤ ਬਿਆਨ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਜੱਦ ਹਜ਼ਰਤ ਉਸਮਾਨ ਦੀ ਸ਼ਹੀਦੀ ਦੀ ਘਟਨਾ ਵਾਪਰੀ ਅਤੇ ਹਜ਼ਰਤ ਅਲੀ ਨੂੰ ਬੈਅਤ ਲੈਂਣ ਲਈ ਮਜਬੂਰ ਕੀਤਾ ਗਿਆ ਤਾਂ ਕਈ ਵਾਰ ਦੇ ਇਨਕਾਰ ਕਰਨ ਦੇ ਬਾਦ ਆਪ ਨੇ ਇਸ ਜ਼ਿੰਮੇਦਾਰੀ ਨੂੰ ਚੁੱਕਿਆ ਅਤੇ ਲੋਕਾਂ ਦੀ ਬੈਅਤ ਲੈਂਣੀ ਸ਼ੁਰੂ ਕੀਤੀ । ਕੁਝ ਵੱਡੇ ਸਹਾਬਾ ਇਸ ਸਮੇਂ ਮਦੀਨੇ ਤੋਂ ਬਾਹਰ ਸਨ । ਹਜ਼ਰਤ ਤਲਹਾ ਅਤੇ ਹਜ਼ਰਤ ਜ਼ੁਬੈਰ ਬਾਰੇ ਆਉਂਦਾ ਹੈ ਕਿ ਇਹਨਾ ਵੱਲ ਹਕੀਮ ਬਿਨ ਜਬਲਾ ਅਤੇ ਮਾਲਕ ਬਿਨ ਅਸ਼ਤਰ ਨੂੰ ਕੁਝ ਲੋਕਾਂ ਨਾ ਭੇਜਿਆ ਗਿਆ ਅਤੇ ਉਹ ਤਲਵਾਰਾਂ ਧੂਹ ਕੇ ਉਹਨਾ ਦੇ ਸਾਹਮਣੇ ਖੜੇ ਹੋ ਗਏ ਅਤੇ ਕਿਹਾ ਕਿ ਹਜ਼ਰਤ ਅਲੀ ਦੀ ਬੈਅਤ ਕਰਨੀ ਹੈ ਤਾਂ ਕਰੋ ਵਰਨਾ ਅਸੀਂ ਹੁਣੇ ਹੀ ਤੁਹਾਨੂੰ ਮਾਰ ਦਿਆਂਗੇ । ਉਹਨਾ ਨੇ ਇਸ ਸ਼ਰਤ'ਤੇ ਹਜ਼ਰਤ ਅਲੀ ਦੀ ਬੈਅਤ ਕੀਤੀ ਕਿ ਉਹ ਹਜ਼ਰਤ ਉਸਮਾਨ ਦੇ ਕਾਤਲਾਂ ਤੋਂ ਛੇਤੀ ਬਦਲਾ ਲੈਂਣਗੇ । ਪਰ ਬਾਦ ਵਿੱਚ ਜੱਦ ਉਹਨਾ ਨੇ ਦੇਖਿਆ ਕਿ ਹਜ਼ਰਤ ਅਲੀ ਕਾਤਲਾਂ ਤੋਂ ਬਦਲਾ ਲੈਂਣ ਵਿੱਚ ਛੇਤੀ ਨਹੀਂ ਕਰ ਰਹੇ ਤਾਂ ਉਹ ਬੈਅਤ ਤੋਂ ਅਡੱਰੇ ਹੋ ਗਏ ਅਤੇ ਮਦੀਨੇ ਤੋਂ ਮੱਕੇ ਜਲੇ ਗਏ । ਫਿਰ ਹਜ਼ਰਤ ਉਸਮਾਨ ਰਜ਼ੀ ਅਲੱਾਹ ਅਨਹੁ ਦੇ ਕਾਤਲਾਂ ਦੇ ਇਕ ਜੱਥੇ ਨੇ ਹਜ਼ਰਤ ਆਇਸ਼ਾ ਕੋਲ ਜਾਕੇ ਉਹਨਾ ਨੂੰ ਇਸ ਗੱਲ'ਤੇ ਰਾਜ਼ੀ ਕਰ ਲਿਆ ਕਿ ਆਪ ਹਜ਼ਰਤ ਉਸਮਾਨ ਦੇ ਖ਼ੂਨ ਦਾ ਬਦਲਾ ਲੈਂਣ ਲਈ ਜਿਹਾਦ ਦਾ ਐਲਾਨ ਕਰ ਦੇਣ । ਹਜ਼ਰਤ ਤਲਹਾ ਅਤੇ ਹਜ਼ਰਤ ਜ਼ੁਬੈਰ ਵੀ ਇਹਨਾ ਨਾਲ ਸ਼ਾਮਲ ਹੋ ਗਏ ਅਤੇ ਇਸ ਦੇ ਸਿੱਟੇ ਵਿੱਚ ਹਜ਼ਰਤ ਅਲੀ ਅਤੇ ਹਜ਼ਰਤ ਆਇਸ਼ਾ, ਹਜ਼ਰਤ ਤਲਹਾ ਅਤੇ ਹਜ਼ਰਤ ਜ਼ੁਬੈਰ ਵਿੱਚ ਜੰਗ ਹੋਈ ਜਿਸ ਨੂੰ ਜਮਲ ਦੀ ਜੰਗ ਕਿਹਾ ਜਾਂਦਾ ਹੈ । ਇਸ ਜੰਗ ਦੇ ਅਰੰਭ ਵਿੱਚ ਹੀ ਹਜ਼ਰਤ ਜ਼ੁਬੈਰ ਹਜ਼ਰਤ ਅਲੀ ਦੇ ਮੂੰਹੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਮਦੀ ਇਕ ਭਵਿੱਖਬਾਣੀ ਸੁਣਕੇ ਵਖੱਰੇ ਹੋ ਗਏ ਸਨ । ਜਿਸ ਵਿੱਚ ਆਪ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਜ਼ੁਬੈਰ ਨੂੰ ਫ਼ਰਮਾਇਆ ਸੀ ਕਿ ਤੁਸੀਂ ਅਲੀ ਨਾਲ ਲੜੋਗੇ ਅਤੇ ਵਧੀਕੀ ਤੁਹਾਡੇ ਵੱਲੋਂ ਹੋਵੇਗੀ । ਹਜ਼ਰਤ ਜ਼ੁਬੈਰ ਨੇ ਸਹੁੰ ਖਾਧੀ ਕਿ ਉਹ ਹਜ਼ਰਤ ਅਲੀ ਤੋਂ ਜੰਗ ਨਹੀਂ

ਕਰਨਗੇ । ਦੂਜੇ ਪਾਸੇ ਹਜ਼ਰਤ ਤਲਹਾ ਨੇ ਵੀ ਆਪਣੇ ਦੇਹਾਂਤ ਤੋਂ ਪਹਿਲਾਂ ਹਜ਼ਰਤ ਅਲੀ ਦੀ ਬੈਅਤ ਦਾ ਇਕਰਾਰ ਕਰ ਲਿਆ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੱਦ ਹਜ਼ਰਤ ਜ਼ੁਬੈਰ ਮਦੀਨੇ ਵੱਲ ਵਾਪਸੀ ਦਾ ਨਿਸ਼ਚਾ ਕਰਕੇ ਨਿਕਲੇ ਤਾਂ ਉਮੈਰ ਬਿਨ ਜਰਮੂਜ਼ ਘੋੜੇ'ਤੇ ਸਵਾਰ ਹੋਕੇ ਉਹਨਾ ਦੇ ਪਿੱਛੋਂ ਦੀ ਆਇਆ ਅਤੇ ਹਜ਼ਰਤ ਜ਼ੁਬੈਰ'ਤੇ ਨੇਜ਼ੇ ਨਾਲ ਹਮਲਾ ਕੀਤਾ ਅਤੇ ਛੋਟਾ ਜਿਹਾ ਜ਼ਖ਼ਮ ਦਿਤੱਾ । ਹਜ਼ਰਤ ਜ਼ੁਬੈਰ ਨੇ ਵੀ ਇਸ'ਤੇ ਹਮਲਾ ਕੀਤਾ । ਜੱਦ ਜਰਮੂਜ਼ ਦੇ ਪੁਤੱਰ ਨੇ ਦੇਖਿਆ ਕਿ ਉਹ ਮਾਰਿਆ ਜਾਣ ਵਾਲਾ ਹੈ ਤਾਂ ਉਸ ਨੇ ਆਪਣੇ ਸਾਥੀਆਂ ਨੂੰ ਆਵਜ਼ ਦਿੱਤੀ ਅਤੇ ਉਹਨਾ ਨੇ ਮਿਲਨੇ ਹਮਲਾ ਕੀਤਾ ਇੱਥੋਂ ਤੱਕ ਕਿ ਹਜ਼ਰਤ ਜ਼ੁਬੈਰ ਨੂੰ ਸ਼ਹੀਦ ਕਰ ਦਿਤੱਾ । ਹਜ਼ਰਤ ਜ਼ੁਬੈਰ ਨੂੰ ਸ਼ਹੀਦ ਕਰਨ ਦੇ ਬਾਦ ਜਰਮੂਜ਼ ਦਾ ਪੁਤੱਰ ਹਜ਼ਰਤ ਅਲੀ ਦੇ ਕੋਲ ਹਜ਼ਰਤ ਜ਼ੁਬੈਰ ਦਾ ਸਿਰ ਅਤੇ ਉਹਨਾ ਦੀ ਤਲਵਾਰ ਲਿਆਇਆ । ਜਰਮੂਜ਼ ਦੇ ਪੁਤੱਰ ਨੇ ਅੰਦਰ ਆਉਣ ਦੀ ਆਗਿਆ ਮੰਗੀ । ਹਜ਼ਰਤ ਅਲੀ ਨੇ ਫ਼ਰਮਾਇਆ ਕਿ ਸਫ਼ਿਆ ਦੇ ਪੁਤੱਰ ਹਜ਼ਰਤ ਜ਼ੁਬੈਰ ਨੂੰ ਸ਼ਹੀਦ ਕਰਨ ਵਾਲਾ ਨਰਕ ਵਿੱਚ ਜਾਵੇ । ਹਜ਼ਰਤ ਜ਼ੁਬੈਰ ਸਵਾ ਨਾਂ ਦੀ ਵਾਦੀ ਵਿੱਚ ਦਫ਼ਨ ਕੀਤੇ ਗਏ । ਇਕ ਰਿਵਾਇਤ ਵਿੱਚ ਹੈ ਕਿ ਜੱਦ ਜਰਮੂਜ਼ ਦੇ ਪੁਤੱਰ ਨੇ ਆਣਕੇ ਹਜ਼ਰਤ ਅਲੀ ਤੋਂ ਆਗਿਆ ਮੰਗੀ ਤਾਂ ਹਜ਼ਰਤ ਅਲੀ ਨੇ ਇਸ ਤੋਂ ਦੂਰੀ ਚਾਹੀ । ਇਸ'ਤੇ ਉਸ ਨੇ ਕਿਹਾ ਕੀ ਜ਼ੁਬੈਰ ਮਸੀਬਤ ਵਾਲਿਆਂ ਵਿੱਚੋਂ ਨਹੀਂ ਸਨ । ਹਜ਼ਰਤ ਅਲੀ ਨੇ ਕਿਹਾ ਕਿ ਤੇਰੇ ਮੂੰਹ ਵਿੱਚ ਖ਼ਾਕ (ਮਿੱਟੀ) ਮੈਂ ਤਾਂ ਇਹ ਉਮੀਦ ਕਰਦਾ ਹਾਂ ਕਿ ਤਲਹਾ ਅਤੇ ਜ਼ੁਬੈਰ ਉਹਨਾ ਲੋਕਾਂ ਵਿੱਚੋਂ ਹੋਣਗੇ ਜਿੰਨ੍ਹਾ ਦੇ ਹੱਕ ਵਿੱਚ ਰੱਬ ਫ਼ਰਮਾਉਂਦਾ ਹੈ ਕਿ :

وَنَزَعۡنَا مَا فِیۡ صُدُوۡرِهِمۡ مِّنۡ غِلٍّ اِخۡوَانًا عَلٰی سُرُرٍ مُّتَقٰبِلِیۡنَ (الحجر: 48)

ਵ ਨਜ਼ਅਨਾ ਮਾ ਫ਼ੀ ਸਦੂਰਿਹਿਮਂ ਮਿਨ ਗ਼ਿੱਲਿ ਇਖ਼ਵਾਨੰ ਅਲਾ ਸੁਰੁਰਿੰਮ ਮੁਤਾਕਾਬਿਲੀਨ । (ਹਿਜਰ : 48)

ਅਤੇ ਅਸੀਂ ਉਹਨਾ ਦੇ ਦਿਲਾ ਦੀ ਕਦੂਰਤ (ਈਰਖਾ) ਦੂਰ ਕਰ ਦਿਆਂਗੇ ਕਿ ਉਹ ਤਖ਼ਤਾਂ'ਤੇ ਆਹਮਣੇ ਸਾਹਮਣੇ ਭਰਾ ਭਰਾ ਵਾਂਗ ਬੈਠਣਗੇ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਹਾਜੀ ਇਬ੍ਰਾਹੀਮ ਮੁਬਾਅ ਸਾਹਬ ਨਾਇਬ ਅਮੀਰ ਸੋਇਮ ਗੈਂਮਬੀਆ, ਮੁਕਰੱਮ ਨਈਮ ਅਹਮਦ ਖ਼ਾਂਨ ਸਾਹਬ ਨਾਇਬ ਅਮੀਰ ਕਰਾਚੀ ਅਤੇ ਮੁਕਰੱਮਾ ਬੁਸ਼ਰਾ ਬੇਗ਼ਮ ਸਾਹਿਬਾ ਜਰਮਨੀ ਦੇ ਸਦਗੁਣਾ ਨੂੰ ਵਰਨਣ ਕੀਤਾ ਅਤੇ ਨਮਾਜ਼ ਜੁਮਆ ਦੇ ਬਾਦ ਇਹਨਾ ਦੀ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

اَلۡحَمۡدُ لِلّٰہِ نَحۡمَدُہٗ وَنَسۡتَعِیۡنُہٗ وَنَسۡتَغۡفِرُہٗ وَنُؤۡمِنُ بِہٖ وَنَتَوَکَّلُ عَلَیۡہِ وَنَعُوۡذُ بِاللّٰہِ مِنۡ شُرُوۡرِ اَنۡفُسِنَا وَمِنۡ سَیِّئَاتِ اَعۡمَالِنَا مَنۡ یَّھۡدِہِ اللّٰہُ فَلَا مُضِلَّ لَہٗ وَمَنۡ یُّضۡلِلۡہُ فَلَا ھَادِیَ لَہٗ وَنَشۡھَدُ اَنۡ لَّا اِلٰہَ اِلَّا اللّٰہُ وَنَشۡھَدُ اَنَّ مُحَمَّدًا عَبۡدُہٗ وَرَسُوۡلُہٗ. عِبَادَ اللّٰہِ رحمکم اللہ اِنَّ اللّٰہَ یَاۡمُرُ بِالۡعَدۡلِ وَالۡاِحۡسَانِ وَاِیۡتَآءِ ذِی الۡقُرۡبٰی وَیَنۡھٰی عَنِ الۡفَحۡشَآءِ وَالۡمُنۡکَرِ وَالۡبَغۡیِ یَعِظُکُمۡ لَعَلَّکُمۡ تَذَکَّرُوۡنَ اُذۡکُرُوا اللّٰہَ یَذۡکُرۡکُمۡ وَادۡعُوۡہُ یَسۡتَجِبۡ لَکُمۡ وَلَذِکۡرُ اللّٰہِ اَکۡبَرُ۔

**Khulasa Khutba Jumma 04.09.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131